# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**08:30**

**ਮਿਤੀ :16-09-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਸਰਕਾਰ ਨੇ ਸਪੱਸ਼ਟ ਕੀਤਾ ਏ ਕਿ ਵਿਅਕਤੀ-ਤੋਂ-ਵਿਅਕਤੀ ਦਰਮਿਆਨ UPI ਲੈਣ-ਦੇਣ 'ਤੇ ਕੋਈ ਚਾਰਜ ਨਹੀਂ ਲੱਗੇਗਾ।

- ਭਾਰਤ ਤੇ ਅਮਰੀਕਾ ਦਰਮਿਆਨ ਸਾਂਝਾ ਫੌਜੀ ਅਭਿਆਸ, ਕੱਲ੍ਹ ਉੱਤਰਾਖੰਡ ਦੇ ਔਲੀ ਵਿਖੇ ਸ਼ੁਰੂ ਹੋਇਆ।

- ਨਿਊਜ਼ੀਲੈਂਡ ਦੀ ਸੰਸਦ ਨੇ ਭਾਰਤ ਨਾਲ ਮੁਕਤ ਵਪਾਰ ਸਮਝੌਤੇ ਨੂੰ ਲਾਗੂ ਕਰਨ ਲਈ ਕਾਨੂੰਨ ਪਾਸ ਕਰ ਦਿੱਤਾ ਏ।

- ਅੰਤਰਰਾਸ਼ਟਰੀ ਮੁਦਰਾ ਫੰਡ (IMF) ਦਾ ਕਹਿਣਾ ਏ ਕਿ ਭਾਰਤ ਕੋਲ ਆਪਣੀ ਮਜ਼ਬੂਤ ਆਰਥਿਕ ਬੁਨਿਆਦ ਅਤੇ ਨਿੱਜੀ ਖੇਤਰ ਦੀ

ਗਤੀਸ਼ੀਲਤਾ ਦੇ ਬਲ 'ਤੇ ਵਿਸ਼ਵ ਵਿਕਾਸ ਨੂੰ ਅੱਗੇ ਵਧਾਉਣ ਦੀ ਸਮਰੱਥਾ ਏ।

- ਭਾਰਤ ਨੇ ਦੂਜੇ 20-20 ਅੰਤਰਰਾਸ਼ਟਰੀ ਕ੍ਰਿਕਟ ਮੈਚ ਵਿੱਚ, ਅਫਗਾਨਿਸਤਾਨ ਨੂੰ 7 ਵਿਕਟਾਂ ਨਾਲ ਹਰਾ ਕੇ, ਤਿੰਨ ਮੈਚਾਂ ਦੀ ਲੜੀ ਵਿੱਚ, 2-0 ਦੀ ਜੇਤੂ ਲੀਡ ਲੈ ਲਈ ਏ।

***ਹੁਣ ਖਬਰਾਂ ਵਿਸਥਾਰ ਨਾਲ***

ਸਰਕਾਰ ਨੇ ਸਪੱਸ਼ਟ ਕੀਤਾ ਏ ਕਿ ਵਿਅਕਤੀ-ਤੋਂ-ਵਿਅਕਤੀ ਦਰਮਿਆਨ UPI ਲੈਣ-ਦੇਣ 'ਤੇ ਕੋਈ ਚਾਰਜ ਨਹੀਂ ਲੱਗੇਗਾ, ਭਾਵੇਂ ਭੇਜੀ ਗਈ ਰਕਮ ਕਿੰਨੀ ਵੀ ਹੋਵੇ। ਵਿੱਤ ਮੰਤਰਾਲੇ ਨੇ ਕਿਹਾ ਏ ਕਿ ਛੋਟੇ ਵਪਾਰੀਆਂ ਲਈ, ਜ਼ੀਰੋ ਮਰਚੈਂਟ ਡਿਸਕਾਊਂਟ ਰੇਟ (MDR) ਢਾਂਚੇ ਅਧੀਨ ਆਉਣ ਵਾਲੇ ਲੈਣ-ਦੇਣ ਅਤੇ ਵਪਾਰੀਆਂ ਨੂੰ 2,000 ਰੁਪਏ ਤੱਕ ਦੇ ਕੀਤੇ ਜਾਣ ਵਾਲੇ ਭੁਗਤਾਨ ਵੀ ਮੁਫ਼ਤ ਰਹਿਣਗੇ।

**ਪੇਸ਼ ਏ ਇੱਕ ਰਿਪੋਰਟ** :

*ਵਿੱਤ ਮੰਤਰਾਲੇ ਨੇ ਕਿਹਾ ਏ ਕਿ ਚਾਰਜ ਸਿਰਫ਼ ਦੋ ਹਜ਼ਾਰ ਰੁਪਏ ਤੋਂ ਵੱਧ ਦੇ 'ਵਿਅਕਤੀ ਤੋਂ ਵਪਾਰੀ' ਲੈਣ-ਦੇਣ 'ਤੇ ਹੀ ਲਾਗੂ ਹੋਏਗਾ। ਮੰਤਰਾਲੇ ਨੇ ਸਪੱਸ਼ਟ ਕੀਤਾ ਕਿ UPI ਐਪ ਪ੍ਰਦਾਤਾ, ਪਲੇਟਫਾਰਮ ਫੀਸ ਜਾਂ ਲੁਕਵੇਂ ਖਰਚੇ ਨਹੀਂ ਵਸੂਲ ਸਕਣਗੇ। ਮੰਤਰਾਲੇ ਨੇ ਬੈਂਕਾਂ ਨੂੰ ਹਦਾਇਤ ਕੀਤੀ ਕਿ, ਉਹ ਇਹ ਯਕੀਨੀ ਬਣਾਉਣ*

*ਕਿ ਵਪਾਰੀ, UPI ਭੁਗਤਾਨਾਂ ਲਈ 'ਮਰਚੈਂਟ ਡਿਸਕਾਊਂਟ ਰੇਟ' (MDR) ਦਾ ਬੋਝ ਗਾਹਕਾਂ 'ਤੇ ਨਾ ਪਾਉਣ। ਦੋ ਹਜ਼ਾਰ ਰੁਪਏ ਤੋਂ ਵੱਧ ਦੇ 'ਵਿਅਕਤੀ ਤੋਂ ਵਪਾਰੀ' ਲੈਣ-ਦੇਣ 'ਤੇ 0.4 ਫੀਸਦੀ ਦੀ ਮਾਮੂਲੀ MDR ਦਰ ਲਾਗੂ ਹੋਵੇਗੀ, ਜਦਕਿ 75 ਹਜ਼ਾਰ ਰੁਪਏ ਅਤੇ ਇਸ ਤੋਂ ਵੱਧ ਦੇ ਉੱਚ-ਮੁੱਲ ਵਾਲੇ ਲੈਣ-ਦੇਣ ਲਈ MDR ਦੀ ਵੱਧ ਤੋਂ ਵੱਧ ਸੀਮਾ 300 ਰੁਪਏ ਪ੍ਰਤੀ ਲੈਣ-ਦੇਣ ਨਿਰਧਾਰਤ ਕੀਤੀ ਗਈ ਏ। ਮੰਤਰਾਲੇ ਨੇ ਦੱਸਿਆ ਕਿ 'ਵਿਅਕਤੀ ਤੋਂ ਵਪਾਰੀ' ਸ਼੍ਰੇਣੀ ਤਹਿਤ, UPI QR ਕੋਡ ਰਾਹੀਂ ਪ੍ਰਤੀ ਮਹੀਨਾ ਇੱਕ ਲੱਖ ਰੁਪਏ ਤੱਕ ਦੀ ਰਕਮ ਪ੍ਰਾਪਤ ਕਰਨ ਵਾਲੇ ਛੋਟੇ ਵਪਾਰੀਆਂ ਲਈ ਸਾਰੇ ਲੈਣ-ਦੇਣ 'ਤੇ ਜ਼ੀਰੋ MDR ਦੀ ਸਹੂਲਤ ਜਾਰੀ ਰਹੇਗੀ। ਇਸ ਤੋਂ ਇਲਾਵਾ, ਰੇਲਵੇ, ਦੂਰਸੰਚਾਰ, ਬੀਮਾ, ਈਂਧਨ ਅਤੇ ਖੇਤੀਬਾੜੀ ਸਮੱਗਰੀ ਦੇ ਖੇਤਰਾਂ ਵਿੱਚ, ਦੋ ਹਜ਼ਾਰ ਰੁਪਏ ਤੋਂ ਵੱਧ ਦੇ ਲੈਣ-ਦੇਣ 'ਤੇ ਪੰਜ ਰੁਪਏ ਪ੍ਰਤੀ ਲੈਣ-ਦੇਣ ਦੀ ਇਕਸਾਰ MDR ਦਰ ਲਾਗੂ ਹੋਵੇਗੀ। ਮੰਤਰਾਲੇ ਨੇ ਇਹ ਵੀ ਕਿਹਾ ਕਿ ਵਿਅਕਤੀਆਂ ਲਈ, ਮੁਫ਼ਤ UPI ਲੈਣ-ਦੇਣ 'ਤੇ ਕੋਈ ਮਾਸਿਕ ਕੋਟਾ, ਲੈਣ-ਦੇਣ ਦੀ ਗਿਣਤੀ ਦੀ ਸੀਮਾ ਜਾਂ ਵੱਖ-ਵੱਖ ਪੱਧਰਾਂ ਵਾਲੀਆਂ ਸੀਮਾਵਾਂ ਲਾਗੂ ਨਹੀਂ ਨੇ।*

*ਰਾਜੇਸ਼ ਬਾਲੀ ਆਕਾਸ਼ਵਾਣੀ ਖਬਰਾਂ ਜਲੰਧਰ*

ਮੰਤਰਾਲੇ ਅਨੁਸਾਰ, ਇਸ ਦੇ ਨਤੀਜੇ ਵਜੋਂ ਵਿਅਕਤੀ ਅਤੇ ਵਪਾਰੀ ਵਿਚਕਾਰ ਹੋਣ ਵਾਲੇ ਕੁੱਲ ਲੈਣ-ਦੇਣ ਵਿੱਚੋਂ ਲਗਭਗ 96 ਫੀਸਦੀ ਲੈਣ-ਦੇਣ ਪ੍ਰਭਾਵਿਤ ਨਹੀਂ ਹੋਏਗਾ।

ਵਿੱਤ ਮੰਤਰਾਲੇ ਨੇ ਸਪੱਸ਼ਟ ਕੀਤਾ ਕਿ MDR ਨਾ ਤਾਂ ਕੋਈ ਟੈਕਸ ਏ ਅਤੇ ਨਾ ਹੀ ਸਰਕਾਰ ਜਾਂ ਭਾਰਤੀ ਰਾਸ਼ਟਰੀ ਭੁਗਤਾਨ ਨਿਗਮ (NPCI) ਵੱਲੋਂ ਲਗਾਇਆ ਗਿਆ ਕੋਈ ਚਾਰਜ। ਇਸ ਨੂੰ UPI ਦੇ ਸੰਚਾਲਨ ਅਤੇ ਨਿਰੰਤਰ ਵਿਸਥਾਰ ਵਿੱਚ ਸਹਾਇਤਾ ਲਈ, ਬੈਂਕਾਂ ਅਤੇ ਭੁਗਤਾਨ ਐਪਲੀਕੇਸ਼ਨ ਮੁਹਈਆ ਵਾਲਿਆਂ ਵਿਚਕਾਰ ਵੰਡਿਆ ਜਾਂਦਾ ਏ।

---

ਭਾਰਤ-ਅਮਰੀਕਾ ਸਾਂਝਾ ਫੌਜੀ ਅਭਿਆਸ ਕੱਲ੍ਹ ਉੱਤਰਾਖੰਡ ਦੇ ਔਲੀ ਵਿਖੇ ਸ਼ੁਰੂ ਹੋਇਆ। ਉਦਘਾਟਨੀ ਸਮਾਰੋਹ ਔਲੀ ਵਿਖੇ 'ਵਿਦੇਸ਼ੀ ਸਿਖਲਾਈ ਕੇਂਦਰ' ਵਿਖੇ ਆਯੋਜਿਤ ਕੀਤਾ ਗਿਆ। ਇਹ ਅਭਿਆਸ ਰਾਜਸਥਾਨ ਵਿੱਚ ਮਹਾਜਨ ਫੀਲਡ ਫਾਇਰਿੰਗ ਰੇਂਜ ਵਿਖੇ ਵੀ ਕੀਤਾ ਜਾ ਰਿਹਾ ਏ।

ਇਸ ਅਭਿਆਸ ਦਾ ਉਦੇਸ਼, ਦੋਵਾਂ ਫੌਜਾਂ ਵਿਚਕਾਰ ਆਪਸੀ ਤਾਲਮੇਲ ਨੂੰ ਮਜ਼ਬੂਤ ਕਰਨਾ, ਉੱਭਰਦੀਆਂ ਚੁਣੌਤੀਆਂ ਨਾਲ ਨਜਿੱਠਣਾ ਅਤੇ ਦੁਵੱਲੀ ਰੱਖਿਆ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨਾ ਏ।

---

ਵਿਦੇਸ਼ ਮੰਤਰਾਲੇ ਨੇ ਕਿਹਾ ਏ ਕਿ ਨਵੀਂ ਦਿੱਲੀ ਵਿੱਚ, 18ਵੇਂ ਬ੍ਰਿਕਸ ਸੰਮੇਲਨ ਦੌਰਾਨ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਚੀਨ ਦੇ ਰਾਸ਼ਟਰਪਤੀ, ਸ਼ੀ ਜਿਨਪਿੰਗ ਵਿਚਕਾਰ ਹੋਈ ਮੀਟਿੰਗ ਦੌਰਾਨ, ਕਈ ਮੁੱਦਿਆਂ 'ਤੇ ਚਰਚਾ ਕੀਤੀ ਗਈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਮੁਲਾਕਾਤ ਦੌਰਾਨ ਪ੍ਰਧਾਨ ਮੰਤਰੀ ਨੇ ਚੀਨੀ ਰਾਸ਼ਟਰਪਤੀ ਨੂੰ ਭਾਰਤ ਦੀਆਂ ਚਿੰਤਾਵਾਂ ਤੋਂ ਜਾਣੂ ਕਰਵਾਇਆ।

ਪਾਕਿਸਤਾਨ ਵੱਲੋਂ ਦਹਿਸ਼ਤਗਰਦ ਧੜੇ ਜੈਸ਼-ਏ-ਮੁਹੰਮਦ ਦੇ ਮੁਖੀ ਮਸੂਦ ਅਜ਼ਹਰ 'ਤੇ 70 ਲੱਖ ਰੁਪਏ ਦੇ ਇਨਾਮ ਦੇ ਐਲਾਨ ਬਾਰੇ, ਸ੍ਰੀ ਜੈਸਵਾਲ

ਨੇ ਕਿਹਾ ਕਿ ਗੁੰਮਰਾਹ ਕਰਨ ਦੀਆਂ ਅਜਿਹੀਆਂ ਕੋਸ਼ਿਸ਼ਾਂ ਕੋਈ ਨਵੀਂਆਂ ਨਹੀਂ ਨੇ ਅਤੇ ਭਾਰਤ ਪਹਿਲਾਂ ਵੀ, ਅਜਿਹੀਆਂ ਕੋਸ਼ਿਸ਼ਾਂ ਦੇਖ ਚੁੱਕਾ ਏ।

**BYTE: RANDHIR JAISWAL ON MASOOD**

ਓਮਾਨ ਤੱਟ 'ਤੇ ਵਪਾਰਕ ਜਹਾਜ਼ MT, El Gaia 'ਤੇ ਹੋਏ ਹਮਲੇ ਸੰਬੰਧੀ, ਇੱਕ ਸਵਾਲ ਦੇ ਜਵਾਬ ਵਿੱਚ, ਸ਼੍ਰੀ ਜੈਸਵਾਲ ਨੇ ਕਿਹਾ ਕਿ ਖੇਤਰ ਵਿੱਚ ਵਪਾਰਕ ਜਹਾਜ਼ਾਂ, ਚਾਲਕ ਦਲ ਦੇ ਮੈਂਬਰਾਂ, ਨਾਗਰਿਕਾਂ ਅਤੇ ਨਾਗਰਿਕ ਬੁਨਿਆਦੀ ਢਾਂਚੇ 'ਤੇ ਹਮਲੇ ਭਾਰਤ ਲਈ ਅਪ੍ਰਵਾਨਯੋਗ ਨੇ। ਉਨ੍ਹਾਂ ਕਿਹਾ ਕਿ ਭਾਰਤ ਇਸ ਖਿੱਤੇ ਵਿੱਚ ਆਜ਼ਾਦ ਅਤੇ ਸੁਰੱਖਿਅਤ ਸਮੁੰਦਰੀ ਆਵਾਜਾਈ ਦੇ ਹੱਕ ਵਿੱਚ ਏ।

---------------------------------------------------------

ਨਿਊਜ਼ੀਲੈਂਡ ਦੀ ਸੰਸਦ ਨੇ ਭਾਰਤ ਨਾਲ ਮੁਕਤ ਵਪਾਰ ਸਮਝੌਤੇ ਨੂੰ ਲਾਗੂ ਕਰਨ ਲਈ ਕਾਨੂੰਨ ਪਾਸ ਕਰ ਦਿੱਤਾ ਏ। ਇਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਮਹਿਸੂਲ ਵਿੱਚ ਮਹੱਤਵਪੂਰਨ ਕਟੌਤੀ ਅਤੇ ਵਪਾਰ ਦੇ ਵਾਧੇ ਦਾ ਰਾਹ ਪੱਧਰਾ ਹੋਏਗਾ। ਇਹ ਬਿੱਲ, ਵਿਰੋਧੀ ਲੇਬਰ ਪਾਰਟੀ ਦੇ ਸਮਰਥਨ ਨਾਲ ਪਾਸ ਹੋਇਆ। ਇਸ ਬਿੱਲ ਦੇ ਹੱਕ ਵਿੱਚ 93 ਅਤੇ ਵਿਰੋਧ ਵਿੱਚ 29 ਵੋਟਾਂ ਪਈਆਂ।

ਨਿਊਜ਼ੀਲੈਂਡ ਦੇ ਵਪਾਰ ਮੰਤਰੀ, ਟੌਡ ਮੈਕਲੇ ਨੇ ਕਿਹਾ ਕਿ ਇਹ ਸਮਝੌਤਾ ਬਰਾਮਦਕਾਰਾਂ ਨੂੰ ਤੁਰੰਤ ਅਤੇ ਮਹੱਤਵਪੂਰਨ ਲਾਭ ਪ੍ਰਦਾਨ ਕਰੇਗਾ। ਉਨ੍ਹਾਂ

ਉਮੀਦ ਪ੍ਰਗਟਾਈ ਕਿ ਇਹ ਉੱਚ-ਪੱਧਰੀ ਵਪਾਰ ਸਮਝੌਤਾ ਇਸ ਸਾਲ ਦੇ ਅੰਤ ਤੱਕ ਲਾਗੂ ਹੋ ਜਾਵੇਗਾ। ਸਮਝੌਤੇ ਤਹਿਤ, ਭਾਰਤ ਲਈ ਨਿਊਜ਼ੀਲੈਂਡ ਦੀਆਂ 95 ਫ਼ੀਸਦੀ ਬਰਾਮਦਾਂ 'ਤੇ ਮਹਿਸੂਲ ਜਾਂ ਤਾਂ ਖਤਮ ਹੋ ਜਾਵੇਗਾ, ਜਾਂ ਘੱਟ ਕਰ ਦਿੱਤਾ ਜਾਵੇਗਾ।

---------------------------------------------------------

ਅੰਤਰਰਾਸ਼ਟਰੀ ਮੁਦਰਾ ਫੰਡ (IMF) ਦਾ ਕਹਿਣਾ ਏ ਕਿ ਭਾਰਤ ਕੋਲ ਆਪਣੀ ਮਜ਼ਬੂਤ ਆਰਥਿਕ ਬੁਨਿਆਦ, ਨਿੱਜੀ ਖੇਤਰ ਦੀ ਗਤੀਸ਼ੀਲਤਾ ਅਤੇ ਵਧਦੀ ਤਕਨੀਕੀ ਸਮਰੱਥਾ ਦੇ ਬਲ 'ਤੇ ਵਿਸ਼ਵ ਵਿਕਾਸ ਨੂੰ ਅੱਗੇ ਵਧਾਉਣ ਦੀ ਸਮਰੱਥਾ ਏ। IMF ਦੇ ਡਿਪਟੀ ਮੈਨੇਜਿੰਗ ਡਾਇਰੈਕਟਰ ਨਾਈਜਲ ਕਲਾਰਕ ਨੇ ਭਾਰਤ ਨੂੰ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਦੱਸਿਆ ਏ। ਉਨ੍ਹਾਂ ਨੇ ਇਹ ਬਿਆਨ ਭਾਰਤ ਦੀ ਪੰਜ ਦਿਨਾਂ ਯਾਤਰਾ ਪੂਰੀ ਕਰਨ ਤੋਂ ਬਾਅਦ, ਜਾਰੀ ਕੀਤਾ। ਆਪਣੀ ਦੌਰੇ ਦੌਰਾਨ, ਉਨ੍ਹਾਂ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ, RBI ਦੇ ਗਵਰਨਰ ਸੰਜੇ ਮਲਹੋਤਰਾ ਅਤੇ ਨੀਤੀ ਆਯੋਗ ਦੇ VICE ਚੇਅਰਮੈਨ ਅਸ਼ੋਕ ਕੁਮਾਰ ਲਹਿਰੀ ਨਾਲ ਮੁਲਾਕਾਤ ਕੀਤੀ।

ਕਲਾਰਕ ਨੇ ਭਾਰਤ ਦੇ ਗਤੀਸ਼ੀਲ ਨਿੱਜੀ ਖੇਤਰ, ਵਿਸ਼ਾਲ ਪ੍ਰਤਿਭਾ ਪੂਲ ਅਤੇ ਤਕਨਾਲੋਜੀ ਅਤੇ ਨਿਰਮਾਣ ਵਿੱਚ ਤੇਜ਼ੀ ਨਾਲ ਵਧ ਰਹੀਆਂ ਸਮਰੱਥਾਵਾਂ ਦੀ ਪ੍ਰਸ਼ੰਸਾ ਕੀਤੀ।

--------------------------------------------------

ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅੱਜ ਇੱਕ ਦਿਨ ਦੇ ਦੌਰੇ 'ਤੇ ਬਿਹਾਰ ਜਾ ਰਹੇ ਨੇ। ਉਹ ਹੜ੍ਹ-ਪ੍ਰਭਾਵਿਤ ਇਲਾਕਿਆਂ ਦਾ ਹਵਾਈ ਸਰਵੇਖਣ ਕਰਨਗੇ। ਪਟਨਾ ਵਿੱਚ, ਸ੍ਰੀ ਚੌਹਾਨ ਮੁੱਖ ਮੰਤਰੀ ਸਮਰਾਟ ਚੌਧਰੀ ਅਤੇ ਸੀਨੀਅਰ ਅਧਿਕਾਰੀਆਂ ਨਾਲ ਇੱਕ ਉੱਚ-ਪੱਧਰੀ ਮੀਟਿੰਗ ਕਰਨਗੇ। ਮੀਟਿੰਗ ਵਿੱਚ ਹੜ੍ਹ ਸੰਬੰਧੀ ਹਾਲਤ, ਆਫ਼ਤ ਪ੍ਰਬੰਧਨ, ਰਾਹਤ ਅਤੇ ਬਚਾਅ ਕਾਰਜਾਂ ਅਤੇ ਕਿਸਾਨਾਂ ਨੂੰ ਦਿੱਤੀ ਜਾ ਰਹੀ ਸਹਾਇਤਾ ਦਾ ਜਾਇਜ਼ਾ ਲਿਆ ਜਾਵੇਗਾ। ਇਸ ਦੌਰਾਨ, ਬਿਹਾਰ ਵਿੱਚ ਹੜ੍ਹਾਂ ਸੰਬੰਧੀ ਹਾਲਤ ਗੰਭੀਰ ਬਣੀ ਹੋਈ ਏ. ਆਫ਼ਤ ਪ੍ਰਬੰਧਨ ਵਿਭਾਗ ਮੁਤਾਬਕ, 15 ਜ਼ਿਲ੍ਹਿਆਂ ਵਿੱਚ ਲਗਭਗ 50 ਲੱਖ ਲੋਕ ਹੜ੍ਹਾਂ ਤੋਂ ਪ੍ਰਭਾਵਿਤ ਹੋਏ ਨੇ।

--------------------------------------------------

ਜਲ ਸ਼ਕਤੀ ਮੰਤਰਾਲੇ ਨੇ 'Jal Sanchay Jan Bhagidari - Catch the Rain' ਮੁਹਿੰਮ ਲਈ ਗੀਤ ਜਾਰੀ ਕੀਤਾ ਏ। ਇਹ ਗੀਤ ਪ੍ਰਸਿੱਧ ਗਾਇਕ ਅਤੇ ਸੰਗੀਤਕਾਰ, ਸ਼ੰਕਰ ਮਹਾਦੇਵਨ ਵੱਲੋਂ ਗਾਇਆ ਗਿਆ ਏ। ਇਹ ਜਨਤਕ ਭਾਗੀਦਾਰੀ ਰਾਹੀਂ ਪਾਣੀ ਦੀ ਸੰਭਾਲ ਅਤੇ ਮੀਂਹ ਦੇ ਪਾਣੀ ਨੂੰ ਇਕੱਠਾ ਕਰਨ ਦੇ ਦੇਸ਼-ਵਿਆਪੀ ਅੰਦੋਲਨ ਨੂੰ ਸੰਗੀਤਮਈ ਅਪੀਲ ਕਰਦਾ ਏ।

**BYTE: CATCH THE RAIN SONG**

ਮੰਤਰਾਲੇ ਨੇ ਕਿਹਾ ਕਿ ਇਸ ਗੀਤ ਦਾ ਉਦੇਸ਼, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸੰਦੇਸ਼ ਨੂੰ ਹਰ ਪਿੰਡ, ਕਸਬੇ, ਸਕੂਲ, ਸੰਸਥਾ ਅਤੇ ਘਰ ਤੱਕ ਪਹੁੰਚਾਉਣਾ ਏ ਅਤੇ ਖਾਸ ਤੌਰ 'ਤੇ ਨੌਜਵਾਨਾਂ ਨੂੰ ਪਾਣੀ ਦੀ ਸੰਭਾਲ ਦੇ ਰਾਜਦੂਤ ਬਣਨ ਲਈ ਪ੍ਰੇਰਿਤ ਕਰਨਾ ਏ।

---------------------------------------------------------

ਅੱਜ ਵਿਸ਼ਵ ਓਜ਼ੋਨ ਦਿਵਸ ਏ। ਇਹ ਦਿਨ ਧਰਤੀ ਉੱਤੇ ਜੀਵਨ ਦੀ ਰੱਖਿਆ ਵਿੱਚ ਓਜ਼ੋਨ ਪਰਤ ਦੀ ਮਹੱਤਵਪੂਰਨ ਭੂਮਿਕਾ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਮਨਾਇਆ ਜਾਂਦਾ ਏ।

ਓਜ਼ੋਨ ਪਰਤ ਇੱਕ ਸੁਰੱਖਿਆ ਢਾਲ ਵਜੋਂ ਕੰਮ ਕਰਦਿਆਂ, ਸੂਰਜ ਤੋਂ ਹਾਨੀਕਾਰਕ ਅਲਟਰਾਵਾਇਲਟ ਕਿਰਨਾਂ ਨੂੰ ਰੋਕਦੀ ਏ।

---------------------------------------------------------

ਕ੍ਰਿਕੇਟ ਵਿੱਚ, ਭਾਰਤ ਨੇ ਬੀਤੀ ਰਾਤ ਦਿੱਲੀ ਦੇ ਅਰੁਣ ਜੇਤਲੀ ਸਟੇਡੀਅਮ ਵਿੱਚ ਖੇਡੇ ਗਏ ਦੂਜੇ 20-20 ਅੰਤਰਰਾਸ਼ਟਰੀ ਮੈਚ ਵਿੱਚ ਅਫਗਾਨਿਸਤਾਨ ਨੂੰ 7 ਵਿਕਟਾਂ ਨਾਲ ਹਰਾ ਕੇ, ਤਿੰਨ ਮੈਚਾਂ ਦੀ ਲੜੀ ਵਿੱਚ 2-0 ਦੀ ਜੇਤੂ ਲੀਡ ਹਾਸਿਲ ਕਰ ਲਈ ਏ।

ਭਾਰਤ ਨੇ 160 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ, 14 ਓਵਰਾਂ ਅਤੇ 5 ਗੇਂਦਾਂ ਵਿੱਚ, 3 ਵਿਕਟਾਂ ਦੇ ਨੁਕਸਾਨ 'ਤੇ ਹੀ 163 ਦੌੜਾਂ ਬਣਾ ਕੇ ਟੀਚਾ

ਹਾਸਿਲ ਕਰ ਲਿਆ। ਸੰਜੂ ਸੈਮਸਨ ਨੇ 22 ਗੇਂਦਾਂ 'ਚ ਸਭ ਤੋਂ ਵੱਧ 57 ਦੌੜਾਂ ਬਣਾਈਆਂ, ਜਦੋਂ ਕਿ ਅਭਿਸ਼ੇਕ ਸ਼ਰਮਾ ਨੇ 19 ਗੇਂਦਾਂ 'ਚ 39 ਦੌੜਾਂ ਬਣਾਈਆਂ।

ਪਹਿਲਾਂ ਬੱਲੇਬਾਜ਼ੀ ਕਰਦਿਆਂ, ਅਫਗਾਨਿਸਤਾਨ ਨੇ ਨਿਰਧਾਰਤ 20 ਓਵਰਾਂ ਵਿੱਚ, 8 ਵਿਕਟਾਂ 'ਤੇ 159 ਦੌੜਾਂ ਬਣਾਈਆਂ।

ਲੜੀ ਦਾ ਤੀਜਾ ਅਤੇ ਆਖਰੀ ਮੈਚ ਕੱਲ੍ਹ ਦਿੱਲੀ ਦੇ ਇਸੇ ਮੈਦਾਨ 'ਚ ਖੇਡਿਆ ਜਾਵੇਗਾ।

---

ਮੌਸਮ ਵਿਭਾਗ ਨੇ ਅੱਜ ਪੰਜਾਬ, ਹਰਿਆਣਾ, ਚੰਡੀਗੜ੍ਹ ਅਤੇ ਦਿੱਲੀ ਵਿੱਚ ਭਾਰੀ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਏ।

ਅਗਲੇ ਦੋ ਦਿਨਾਂ ਦੌਰਾਨ ਜੰਮੂ-ਕਸ਼ਮੀਰ, ਲੱਦਾਖ, ਉੱਤਰ ਪ੍ਰਦੇਸ਼, ਉੱਤਰਾਖੰਡ, ਰਾਜਸਥਾਨ, ਬਿਹਾਰ, ਝਾਰਖੰਡ ਅਤੇ ਓਡੀਸ਼ਾ ਵਿੱਚ ਗਰਜ-ਚਮਕ ਨਾਲ ਬਿਜਲੀ ਲਿਸ਼ਕਣ ਦੀ ਸੰਭਾਵਨਾ ਏ।

---

- ਸਰਕਾਰ ਨੇ ਸਪੱਸ਼ਟ ਕੀਤਾ ਏ ਕਿ ਵਿਅਕਤੀ-ਤੋਂ-ਵਿਅਕਤੀ ਦਰਮਿਆਨ UPI ਲੈਣ-ਦੇਣ 'ਤੇ ਕੋਈ ਚਾਰਜ ਨਹੀਂ ਲੱਗੇਗਾ।

- ਭਾਰਤ ਤੇ ਅਮਰੀਕਾ ਦਰਮਿਆਨ ਸਾਂਝਾ ਫੌਜੀ ਅਭਿਆਸ, ਕੱਲ੍ਹ ਉੱਤਰਾਖੰਡ ਦੇ ਔਲੀ ਵਿਖੇ ਸ਼ੁਰੂ ਹੋਇਆ।

- ਨਿਊਜ਼ੀਲੈਂਡ ਦੀ ਸੰਸਦ ਨੇ ਭਾਰਤ ਨਾਲ ਮੁਕਤ ਵਪਾਰ ਸਮਝੌਤੇ ਨੂੰ ਲਾਗੂ ਕਰਨ ਲਈ ਕਾਨੂੰਨ ਪਾਸ ਕਰ ਦਿੱਤਾ ਏ।

- ਅੰਤਰਰਾਸ਼ਟਰੀ ਮੁਦਰਾ ਫੰਡ (IMF) ਦਾ ਕਹਿਣਾ ਏ ਕਿ ਭਾਰਤ ਕੋਲ ਆਪਣੀ ਮਜ਼ਬੂਤ ਆਰਥਿਕ ਬੁਨਿਆਦ ਅਤੇ ਨਿੱਜੀ ਖੇਤਰ ਦੀ ਗਤੀਸ਼ੀਲਤਾ ਦੇ ਬਲ 'ਤੇ ਵਿਸ਼ਵ ਵਿਕਾਸ ਨੂੰ ਅੱਗੇ ਵਧਾਉਣ ਦੀ ਸਮਰੱਥਾ ਏ।

- ਭਾਰਤ ਨੇ ਦੂਜੇ 20-20 ਅੰਤਰਰਾਸ਼ਟਰੀ ਕ੍ਰਿਕਟ ਮੈਚ ਵਿੱਚ, ਅਫਗਾਨਿਸਤਾਨ ਨੂੰ 7 ਵਿਕਟਾਂ ਨਾਲ ਹਰਾ ਕੇ, ਤਿੰਨ ਮੈਚਾਂ ਦੀ ਲੜੀ ਵਿੱਚ, 2-0 ਦੀ ਜੇਤੂ ਲੀਡ ਲੈ ਲਈ ਏ।

---

**ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!**